# ਕਿੱਤਾਕਾਰੀ ਸਿਹਤ ਅਤੇ ਸੁਰੱਖਿਆ ਅਤੇ ਇਹ ਤੁਹਾਡੇ ਅਤੇ ਤੁਹਾਡੇ ਕਾਰਜਸਥਾਨ ਤੇ ਕਿਵੇਂ ਲਾਗੂ ਹੁੰਦੀ ਹੈ



WORKSAFE TRAVAIL SÉCURITAIRE NB

## ਸਿਹਤਵੰਦ ਅਤੇ ਸੁਰੱਖਿਅਤ ਕਾਰਜਸਥਾਨ

### *ਕਿੱਤਾਕਾਰੀ ਸਿਹਤ ਅਤੇ ਸੁਰੱਖਿਆ (Occupational Health and Safety, OHS)* ਕਨੂੰਨ ਤੁਹਾਡੇ ਅਤੇ ਤੁਹਾਡੇ ਕਾਰਜਸਥਾਨ ਤੇ ਕਿਵੇਂ ਲਾਗੂ ਹੁੰਦਾ ਹੈ

ਨਿਊ ਬ੍ਰੰਸਵਿਕ ਦੇ OHS ਕਨੂੰਨ ਵਾਸਤੇ ਜ਼ਰੂਰੀ ਹੈ ਕਿ ਕਾਰਜਸਥਾਨ 'ਤੇ ਹਰ ਕੋਈ- ਕਰਮਚਾਰੀ ਅਤੇ ਮਾਲਕ ਦੋਵੇਂ – ਆਪਣੇ ਖੁਦ ਦੀ ਸਿਹਤ ਅਤੇ ਸੁਰੱਖਿਆ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਵਾਸਤੇ ਜ਼ਿੰਮੇਵਾਰ ਹੋਣ।

ਜਦੋਂ ਕੋਈ ਵਿਅਕਤੀ ਕਨੂੰਨ ਦੇ ਤਹਿਤ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਹੈ ਤਾਂ WorkSafeNB ਦਖ਼ਲ ਦੇ ਸਕਦਾ ਹੈ।

## ਅਧਿਕਾਰ ਅਤੇ ਜ਼ਿੰਮੇਵਾਰੀਆਂ ਨੂੰ ਸਮਝਣਾ

*OHS* ਕਨੂੰਨ ਅਤੇ ਇਹ ਗਾਈਡ "ਕਰਮਚਾਰੀਆਂ" ਅਤੇ "ਮਾਲਕਾਂ" ਨੂੰ ਸੰਦਰਭਿਤ ਕਰਦੀ ਹੈ। ਇਹ ਪਰਿਭਾਸ਼ਾਵਾਂ ਅਤੇ ਕਿਹੜੀ ਸ਼੍ਰੇਣੀ ਤੁਹਾਡੀ ਸਥਿਤੀ ਤੇ ਲਾਗੂ ਹੁੰਦੀ ਹੈ, ਨੂੰ ਸਮਝਣ ਵਿੱਚ ਸਹਾਇਕ ਹੈ।

**ਕਾਰਜਸਥਾਨ 'ਤੇ ਕਰਮਚਾਰੀ ਉਹ ਵਿਅਕਤੀ ਹੁੰਦਾ ਹੈ ਜਿਸ ਦਾ ਕਾਰਜ ਨਿਰਦੇਸ਼ਿਤ ਹੁੰਦਾ ਹੈ, ਚਾਹੇ ਉਹ ਅਣਪੇਡ ਹੋਵੇ ਜਿਵੇਂ ਸਵੈ-ਸੇਵਕ ਜਾਂ ਨੌਕਰੀ 'ਤੇ ਸਿੱਖਨ ਵਾਲਾ ਜਾਂ ਉਹ ਇੱਕ ਪੇਡ ਵਰਕਰ ਹੋਵੇ।**

**ਮਾਲਕ ਉਹ ਵਿਅਕਤੀ ਹੁੰਦਾ ਹੈ ਜੋ ਕਿਸੇ ਕਰਮਚਾਰੀ ਨੂੰ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ ਜਿਵੇਂ ਸੁਪਰਵਾਈਜ਼ਰ, ਪ੍ਰਬੰਧਕ ਜਾਂ ਮਾਲਕ।**

## ਤੁਹਾਡੇ ਅਧਿਕਾਰ

ਇਸ ਤੋਂ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੀ ਨੌਕਰੀ ਦੀਆਂ ਜ਼ਿੰਮੇਵਾਰੀਆਂ ਕੀ ਹਨ, ਇੱਕ ਕਰਮਚਾਰੀ ਵਜੋਂ – ਤੁਹਾਡੇ ਕੋਲ ਅੱਗੇ ਦਿੱਤੇ ਤਿੰਨ ਬੁਨਿਆਦੀ ਅਧਿਕਾਰ ਹਨ:

- ਜਾਣਨ ਦਾ ਅਧਿਕਾਰ
  ਤੁਹਾਨੂੰ ਕਾਰਜ ਨੂੰ ਸੁਰੱਖਿਅਤ ਤੌਰ 'ਤੇ ਕਰਨ ਵਾਸਤੇ ਜ਼ਰੂਰੀ ਸਿਖਲਾਈ ਪ੍ਰਾਪਤ ਕਰਨ ਦਾ ਅਧਿਕਾਰ ਹੈ। ਸਾਰੇ ਕਰਮਚਾਰੀਆਂ – ਨਵੇਂ, ਟ੍ਰਾਂਸਫ਼ਰ ਕੀਤੇ ਜਾਂ ਅਨੁਭਵੀ – ਨੂੰ ਇਸ ਬਾਰੇ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ:
  - ਕਾਰਜਸਥਾਨ ਦੇ ਖ਼ਤਰੇ
  - ਸੁਰੱਖਿਅਤ ਕਾਰਜ ਪ੍ਰਕਿਰਿਆਵਾਂ
  - ਆਪਾਤਕਾਲੀ ਪ੍ਰਕਿਰਿਆਵਾਂ
- ਜੇਕਰ ਕਿਸੇ ਵੀ ਸਮੇਂ ਤੁਸੀਂ ਕਿਸੇ ਨੌਕਰੀ ਦੇ ਕਾਰਜ ਬਾਰੇ ਯਕੀਨੀ ਨਹੀਂ ਹੋ ਜਾਂ ਆਪਣੀ ਸੁਰੱਖਿਆ ਜਾਂ ਦੂਜਿਆਂ ਦੀ ਸੁਰੱਖਿਆ ਬਾਰੇ ਚਿੰਤਿਤ ਹੋ ਤਾਂ ਨੌਕਰੀ 'ਤੇ ਵਾਧੂ ਸਿਖਲਾਈ ਪ੍ਰਾਪਤ ਕਰਨ ਬਾਰੇ ਆਪਣੇ ਸੁਪਰਵਾਈਜ਼ਰ ਨਾਲ ਗੱਲ ਕਰੋ।
- ਭਾਗ ਲੈਣ ਦਾ ਅਧਿਕਾਰ
  ਤੁਹਾਨੂੰ ਸਿਹਤ ਅਤੇ ਸੁਰੱਖਿਆ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਕਾਰਜਸਥਾਨ ਖ਼ਤਰਿਆਂ ਦੀ ਪਛਾਣ ਕਰਨ ਅਤੇ ਨਿਯੰਤ੍ਰਿਤ ਕਰਨ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ। 20 ਜਾਂ ਵੱਧ ਕਰਮਚਾਰੀਆਂ ਵਾਲੇ ਕਾਰਜਸਥਾਨਾਂ ਵਿੱਚ, ਸਿਹਤ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਨੂੰ ਦੂਰ ਕਰਨ ਵਾਸਤੇ ਸੰਯੁਕਤ ਸਿਹਤ ਅਤੇ ਸੁਰੱਖਿਆ ਕਮੇਟੀਆਂ (joint health and safety committees, JHSC) ਬਣਾਈਆਂ ਜਾਂਦੀਆਂ ਹਨ। ਪਤਾ ਲਾਓ ਕਿ ਤੁਹਾਡੇ ਕਾਰਜਸਥਾਨ ਦੇ JHSC ਪ੍ਰਤੀਨਿਧੀ ਕੌਣ ਹਨ ਅਤੇ ਕਾਰਜਸਥਾਨ ਸਿਹਤ ਜਾਂ ਸੁਰੱਖਿਆ ਨਾਲ ਸੰਬੰਧਿਤ ਸਵਾਲਾਂ ਜਾਂ ਚਿੰਤਾਵਾਂ ਬਾਰੇ ਉਹਨਾਂ ਨਾਲ ਗੱਲ ਕਰੋ।
- ਖ਼ਤਰਨਾਕ ਕੰਮ ਤੋਂ ਇਨਕਾਰ ਕਰਨ ਦਾ ਅਧਿਕਾਰ
  ਤੁਹਾਨੂੰ ਅਜਿਹਾ ਕੰਮ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ ਜਿਸ ਨੂੰ ਤੁਸੀਂ ਆਪਣੇ ਜਾਂ ਦੂਜਿਆਂ ਦੀ ਸਿਹਤ ਜਾਂ ਸੁਰੱਖਿਆ ਵਾਸਤੇ ਖ਼ਤਰਨਾਕ ਮੰਨਦੇ ਹੋ। ਜੇਕਰ ਤੁਸੀਂ ਕਾਰਜਸਥਾਨ 'ਤੇ ਆਪਣੀ ਸੁਰੱਖਿਆ ਬਾਰੇ ਯਕੀਨੀ ਨਹੀਂ ਹੋ ਤਾਂ ਅੱਗੇ ਦਿੱਤੇ ਕਦਮ ਚੁੱਕੋ:*

  ਕਦਮ 1: ਸੁਪਰਵਾਈਜ਼ਰ ਨੂੰ ਸੁਰੱਖਿਆ ਸੰਬੰਧੀ ਚਿੰਤਾਵਾਂ ਦੀ ਰਿਪੋਰਟ ਕਰੋ। ਜੇਕਰ ਸਮੱਸਿਆ ਹੱਲ ਹੋ ਜਾਵੇ ਤਾਂ ਕੰਮ 'ਤੇ ਵਾਪਿਸ ਆਓ। ਜੇਕਰ ਨਹੀਂ, ਤਾਂ...
  ਕਦਮ 2: ਜੇਕਰ ਕੋਈ ਮੌਜੂਦ ਹੈ, ਤਾਂ ਮਾਮਲੇ ਦੀ ਰਿਪੋਰਟ JHSC ਨੂੰ ਕਰੋ। ਜੇਕਰ ਅਜੇ ਵੀ ਹੱਲ ਨਹੀਂ ਹੋਇਆ ਹੈ ਜਾਂ ਜੇਕਰ ਕੋਈ JHSC ਨਹੀਂ ਹੈ, ਤਾਂ...
  ਕਦਮ 3: WorkSafeNB (1 800 999-9775) ਤੇ ਕਾਲ ਕਰੋ ਅਤੇ ਸਥਿਤੀ ਦੀ ਵਿਆਖਿਆ ਕਰੋ।
  ਕੰਮ 'ਤੇ ਉਦੋਂ ਹੀ ਵਾਪਿਸ ਆਓ ਜਦੋਂ ਸਥਿਤੀ ਖ਼ਤਰਨਾਕ ਨਾ ਰਹਿ ਜਾਵੇ।

* ਸਾਰੇ ਮਾਮਲਿਆਂ ਵਿੱਚ, ਆਪਣੀ ਸ਼ਿਫ਼ਟ ਸਮਾਪਤ ਹੋਣ ਤੱਕ ਆਪਣੇ ਕਾਰਜਸਥਾਨ 'ਤੇ ਹੀ ਰਹੋ।

## ਤੁਹਾਡੀਆਂ ਜ਼ਿੰਮੇਵਾਰੀਆਂ

### ਇੱਕ ਕਰਮਚਾਰੀ ਵਜੋਂ, ਤੁਹਾਨੂੰ:

- ਲਾਜ਼ਮੀ ਤੌਰ ਤੇ ਕਨੂੰਨਅਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ
- ਆਪਣੇ-ਆਪ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ ਅਤੇ ਖੁਦ ਨੂੰ ਜਾਂ ਦੂਜਿਆਂ ਨੂੰ ਜੋਖ਼ਮ ਵਿੱਚ ਨਹੀਂ ਪਾਉਣਾ ਚਾਹੀਦਾ ਹੈ।
- ਕਿਸੇ ਵੀ ਗਿਆਤ ਖ਼ਤਰੇ ਦੀ ਰਿਪੋਰਟ ਆਪਣੇ ਸੁਪਰਵਾਈਜ਼ਰ ਨੂੰ ਦੇਣੀ ਹੋਵੇਗੀ
- ਉਚਿਤ ਵਿਅਕਤੀਗਤ ਸੁਰੱਖਿਆ ਉਪਕਰਣ ਜ਼ਰੂਰ ਪਹਿਣਨੇ ਚਾਹੀਦੇ ਹਨ
- JHSC ਜਾਂ ਸੁਰੱਖਿਆ ਪ੍ਰਤੀਨਿਧੀ ਨਾਲ ਸਹਿਯੋਗ ਕਰਨਾ ਹੋਵੇਗਾ
- ਕਿਸੇ ਵੀ ਅਜਿਹੀ ਘਟਨਾ ਦੀ ਰਿਪੋਰਟ ਕਰਨੀ ਚਾਹੀਦੀ ਹੈ ਜਿਸ ਦੇ ਨਤੀਜਨ ਤੁਹਾਡੇ ਸੁਪਰਵਾਈਜ਼ਰ ਨੂੰ ਸੱਟ ਲੱਗ ਜਾਂ ਲੱਗੀ ਹੋ ਸਕਦੀ ਹੈ

### ਤੁਹਾਡੇ ਮਾਲਕ ਨੂੰ:

- ਕਰਮਚਾਰੀ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਸਤੇ ਹਰ ਉਚਿਤ ਸਾਵਧਾਨੀ ਵਰਤਣੀ ਚਾਹੀਦੀ ਹੈ
- ਲਾਜ਼ਮੀ ਤੌਰ ਤੇ ਕਨੂੰਨ ਅਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ
- ਇਹ ਯਕੀਨੀ ਕਰਨਾ ਹੋਵੇਗਾ ਕਿ ਕਰਮਚਾਰੀ ਕਨੂੰਨ ਅਤੇ ਨਿਯਮਾਂ ਦੀ ਪਾਲਣਾ ਕਰਨ
- ਟੂਲਾਂ ਅਤੇ ਉਪਕਰਣਾਂ ਨੂੰ ਵਧੀਆ ਕਾਰਜਸ਼ੀਲ ਸਥਿਤੀ ਵਿੱਚ ਬਣਾਈ ਰੱਖਿਆ ਜਾਣਾ ਚਾਹੀਦਾ ਹੈ
- ਕਿਸੇ ਵੀ ਸਿਹਤ ਅਤੇ ਸੁਰੱਖਿਆ ਜੋਖਮ ਦੀ ਪਛਾਣ ਕਰਨ ਵਾਸਤੇ ਮਹੀਨੇ ਵਿੱਚ ਘੱਟ ਤੋਂ ਘੱਟ ਇੱਕ ਵਾਰ ਕਾਰਜਸਥਾਨ ਦਾ ਪਰੀਖਣ ਕਰਨਾ ਚਾਹੀਦਾ ਹੈ
- ਕਾਰਜਸਥਾਨ ਦੇ ਸਾਰੇ ਖ਼ਤਰਿਆਂ ਬਾਰੇ ਕਰਮਚਾਰੀਆਂ ਨੂੰ ਸਲਾਹ ਦੇਣੀ ਚਾਹੀਦੀ ਹੈ
- ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਨਵੇਂ ਕਮਰਚਾਰੀਆਂ ਨੂੰ ਇੱਕ ਸਿਹਤ ਅਤੇ ਸੁਰੱਖਿਆ ਓਰੀਐਂਟੇਸ਼ਨ ਸੈਸ਼ਨ ਪ੍ਰਦਾਨ ਕਰਨਾ ਹੋਵੇਗਾ
- ਤੁਹਾਡੇ ਮਾਲਕ ਨੂੰ ਕਰਮਚਾਰੀਆਂ ਨੂੰ ਉਚਿਤ ਸਿਹਤ ਅਤੇ ਸੁਰੱਖਿਆ ਸਿਖਲਾਈ ਅਤੇ ਕਾਰਜ 'ਤੇ ਨਿਗਰਾਨੀ ਪ੍ਰਦਾਨ ਕਰਨੀ ਹੋਵੇਗੀ
- ਵਿਅਕਤੀਗਤ ਸੁਰੱਖਿਆ ਉਪਕਰਣ ਪ੍ਰਦਾਨ ਕਰਨਾ ਹੋਵੇਗਾ (ਜ਼ਰੂਰੀ ਨਹੀਂ ਕਿ ਇਸ ਵਾਸਤੇ ਭੁਗਤਾਨ ਕੀਤਾ ਜਾਵੇ) ਅਤੇ ਇਹ ਯਕੀਨੀ ਕਰਨਾ ਚਾਹੀਦਾ ਹੈ ਕਿ ਇਸ ਦਾ ਰੱਖ-ਰਖਾਓ, ਪਹੁੰਚ ਅਤੇ ਵਰਤੋਂ ਕੀਤੀ ਜਾਵੇ
- JHSC ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਗੰਭੀਰ ਸੱਟਾਂ ਜਾਂ ਘਟਨਾਵਾਂ ਬਾਰੇ ਸੂਚਿਤ ਕਰੋਂ ਜਿਸ ਦੀ ਸੂਚਨਾ WorkSafeNB ਨੂੰ ਦਿੱਤੀ ਜਾਣੀ ਚਾਹੀਦੀ ਹੈ
- ਇੱਕ ਅਜਿਹੀ ਪ੍ਰਕਿਰਿਆ ਸਥਾਪਿਤ ਕਰਨੀ ਚਾਹੀਦੀ ਹੈ ਜਿਸ ਦੇ ਤਹਿਤ ਕਰਮਚਾਰੀ ਨੂੰ ਕੰਮ ਛੱਡਣ ਤੋਂ ਪਹਿਲਾਂ ਕਿਸੇ ਘਟਨਾ ਬਾਰੇ ਸੂਚਿਤ ਕਰਨਾ ਜ਼ਰੂਰੀ ਹੋਵੇ
- ਜੇਕਰ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਤਿੰਨ ਜਾਂ ਵੱਧ ਲੋਕਾਂ ਨੂੰ ਅਧੂਰੇ ਜਾਂ ਪੂਰੇ ਸਮੇਂ ਵਾਸਤੇ ਰੱਖਿਆ ਜਾਂਦਾ ਹੈ ਤਾਂ WorkSafeNB ਨਾਲ ਪੰਜੀਕਿਰਤ ਕਰਨਾ ਹੋਵੇਗਾ।

## ਜੇਕਰ ਕੋਈ ਘਟਨਾ ਜਾਂ ਸੱਟ ਲੱਗ ਜਾਵੇ ਤਾਂ ਕੀ ਹੋਵੇਗਾ?

### ਤੁਹਾਡੇ ਮਾਲਕ ਨੂੰ ਤੁਰੰਤ WorkSafeNB (1 800 999-9775) ਨੂੰ ਸੂਚਿਤ ਕਰਨਾ ਚਾਹੀਦਾ ਹੈ, ਜੇਕਰ:

- ਕੋਈ ਅਣਕਿਆਸਿਆ ਵਿਸਫ਼ੋਟ ਹੋਇਆ ਹੋਵੇ ਜਾਂ ਕਿਸੇ ਜੈਵਿਕ, ਰਸਾਇਣਿਕ ਜਾਂ ਭੌਤਿਕ ਏਜੰਟ ਦੇ ਸੰਪਰਕ ਵਿੱਚ ਆਇਆ ਹੋਵੇ ਤਾਂ ਕੋਈ ਕੈਟਾਸਟ੍ਰੋਫਿਕ ਘਟਨਾ ਹੋਈ ਹੋਵੇ ਜਾਂ ਉਪਕਰਣ ਅਸਫ਼ਲ ਹੋਇਆ ਹੋਵੇ ਜਿਸ ਦੇ ਨਤੀਜਨ ਸੱਟ ਲੱਗੀ ਹੋਵੇ ਜਾਂ ਹੋ ਸਕਦੀ ਸੀ।
- ਇੱਕ ਸੱਟ ਜਿਸ ਵਿੱਚ ਇਹ ਸ਼ਾਮਲ ਹੈ:
    - ਹੋਸ਼ ਖੋਣਾ
    - ਅੰਗ ਕੱਟਣਾ
    - ਫ੍ਰੈਕਚਰ (ਉਂਗਲਾਂ ਜਾਂ ਪੈਰਾਂ ਦੀਆਂ ਉਂਗਲਾਂ ਤੋਂ ਇਲਾਵਾ)
    - ਅਜਿਹਾ ਮੱਚਣਾ ਜਿਸ ਵਿੱਚ ਤਰਜੀਹੀ ਇਲਾਜ ਤੋਂ ਇਲਾਵਾ ਮੈਡੀਕਲ ਦੇਖਭਾਲ ਦੀ ਲੋੜ ਹੁੰਦੀ ਹੈ
    - ਇੱਕ ਜਾਂ ਦੋਵੇਂ ਅੱਖਾਂ ਦੀ ਨਿਗ੍ਹਾ ਦਾ ਨੁਕਸਾਨ ਹੋਣਾ
    - ਇੱਕ ਡੂੰਘੀ ਸੱਟ ਕਰਕੇ ਤਰਜੀਹੀ ਇਲਾਜ ਤੋਂ ਅਲਾਵਾ ਮੈਡੀਕਲ ਧਿਆਨ ਦੇਣ ਦੀ ਲੋੜ ਹੁੰਦੀ ਹੈ
    - ਇੱਕ ਹਸਪਤਾਲ ਵਿੱਚ ਇੱਕ ਅੰਦਰੂਨੀ ਰੋਗ ਵਜੋਂ ਦਾਖ਼ਲ ਹੋਣਾ
    - ਮੌਤ

*ਕਿਸੇ ਨੂੰ ਵੀ ਸੀਨ ਵਿੱਚ ਰੁਕਾਵਟ ਨਹੀਂ ਪਾਉਣੀ ਚਾਹੀਦੀ ਜਦੋਂ ਤੱਕ ਕਿ ਇਹ ਜ਼ਖ਼ਮੀਆਂ ਜਾਂ ਮਿਰਤਕਾਂ ਦੀ ਦੇਖਭਾਲ ਕਰਨ, ਅੱਗੇ ਦੀਆਂ ਸੱਟਾਂ ਨੂੰ ਰੋਕਣ ਜਾਂ ਘਟਣਾ ਦੇ ਕਾਰਨ ਖ਼ਤਰੇ ਵਿੱਚ ਪਈ ਸੰਪੱਤੀ ਦੀ ਰੱਖਿਆ ਕਰਨ ਵਾਸਤੇ ਨਾ ਹੋਵੇ।

ਜੇਕਰ ਕੋਈ ਕਰਮਚਾਰੀ, ਜੋ WorkSafeNB ਨਾਲ ਪੰਜੀਕਿਰਤ ਕਿਸੇ ਮਾਲਕ ਲਈ ਕੰਮ ਕਰਦਾ ਹੈ, ਨੌਕਰੀ 'ਤੇ ਜ਼ਖਮੀ ਹੈ ਅਤੇ ਕਿਸੇ ਡਾਕਟਰ ਤੋਂ ਡਾਕਟਰੀ ਸਹਾਇਤਾ ਦੀ ਮੰਗ ਕਰਦਾ ਹੈ, ਜਾਂ ਉਹ ਹੁਣ ਆਪਣੀ ਨਿਯਮਤ ਕੰਮ ਦੀਆਂ ਡਿਊਟੀਆਂ ਨਹੀਂ ਨਿਭਾ ਸਕਦਾ ਹੈ ਤਾਂ ਲਾਭਾਂ ਲਈ ਦਾਅਵਾ 72 ਘੰਟਿਆਂ ਦੇ ਅੰਦਰ ਦਾਇਰ ਕੀਤਾ ਜਾਣਾ ਚਾਹੀਦਾ ਹੈ।

ਵਰਕਰਜ਼ ਕੰਪਨਸੇਸ਼ਨ ਐਕਟ ਦੇ ਤਹਿਤ ਤੁਹਾਡੀਆਂ ਜ਼ਿੰਮੇਵਾਰੀਆਂ ਬਾਰੇ ਜਾਣਨ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ ਦੇ ਵਰਕਰ ਜਾਂ ਰੁਜ਼ਗਾਰਦਾਤਾ ਸੈਕਸ਼ਨ 'ਤੇ ਜਾਓ।

## ਸਾਡਾ ਨਜ਼ਰੀਆ

WorkSafeNB ਨਿਊ ਬ੍ਰੰਸਵਿਕ ਦੇ ਕਰਮਚਾਰੀਆਂ ਅਤੇ ਮਾਲਕਾਂ ਵਾਸਤੇ ਸਿਹਤਮੰਦ ਅਤੇ ਸੁਰੱਖਿਅਤ ਕਾਰਜ ਸਥਾਨਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਜਦੋਂ ਕਿ ਸਾਡੀ ਤਰਜੀਹ ਕਾਰਜਸਥਾਨ ਦੀਆਂ ਸੱਟਾਂ ਅਤੇ ਕਿੱਤਾਮੁਖੀ ਬੀਮਾਰੀਆਂ ਨੂੰ ਰੋਕਣਾ ਹੈ, ਅਸੀਂ ਕਾਰਜਸਥਾਨ 'ਤੇ ਸੱਟਾਂ ਲੱਗਣ 'ਤੇ ਰੀਹੈਬਲੀਟੇਸ਼ਨ ਸੇਵਾਵਾਂ ਅਤੇ ਮੁਆਵਜ਼ੇ ਦੇ ਲਾਭ ਪ੍ਰਦਾਨ ਕਰਦੇ ਹਾਂ।

ਹੋਰ ਜਾਣਕਾਰੀ ਵਾਤਸੇ, ਸੰਪਰਕ ਕਰੋ

WORKSAFE
TRAVAIL SÉCURITAIRE NB

**1 800 999-9775**

**www.worksafenb.ca**

